Media Release

ਤੁਰੰਤ ਰਿਲੀਜ ਲਈ

## ਐਕਸ਼ਨ! ਬ੍ਰੈਂਪਟਨ ਦੀ ਫਿਲਮ ਇੰਡਸਟਰੀ ਕਾਫੀ ਤਰੱਕੀ ਕਰ ਰਹੀ ਹੈ

ਬ੍ਰੈਂਪਟਨ, ਓਨਟੈਰੀਓ (5 ਮਈ, 2022) – ਫਿਲਮ ਇੰਡਸਟਰੀ ਵਿੱਚ, ਸਿਟੀ ਆਫ ਬ੍ਰੈਂਪਟਨ ਦਾ ਰਿਕਾਰਡ-ਤੋੜ ਸਾਲ ਰਿਹਾ ਹੈ। 2021 ਵਿੱਚ, ਬ੍ਰੈਂਪਟਨ ਨੇ 80 ਵੱਖ-ਵੱਖ ਫਿਲਮ, ਟੈਲੀਵਿਜਨ ਅਤੇ ਕਮਰਸ਼ਿਅਲ ਪ੍ਰੋਡਕਸ਼ਨਸ ਦੀ ਮੇਜਬਾਨੀ ਕੀਤੀ, ਜੋ ਫਿਲਮ ਸਬੰਧੀ ਗਤੀਵਿਧੀਆਂ ਦੇ ਕੁੱਲ 553 ਤੋਂ ਵੱਧ ਦਿਨ ਹਨ ਅਤੇ 2020 ਤੋਂ ਲੈ ਕੇ 90 ਪ੍ਰਤੀਸ਼ਤ ਦਾ ਵਾਧਾ ਹੈ।

ਕੋਵਿਡ-19 (COVID-19) ਸਬੰਧੀ ਸਿਹਤ ਅਤੇ ਸੁਰੱਖਿਆ ਦੇ ਬਣਾਏ ਗਏ ਸਖਤ ਪ੍ਰੋਟੋਕੋਲਾਂ ਅਤੇ ਸਕ੍ਰੀਨ ਇੰਡਸਟਰੀ ਕੰਪਨੀਆਂ, ਪ੍ਰੋਡਕਸ਼ਨਸ ਅਤੇ ਵਿਅਕਤੀਆਂ ਵੱਲੋਂ ਉਹਨਾਂ ਦੀ ਪਾਲਣਾ ਕਰਨ ਦੇ ਕਾਰਨ, ਪ੍ਰੋਡਕਸ਼ਨਸ, 2021 ਦੀ ਮਹਾਂਮਾਰੀ ਦੇ ਪੂਰੇ ਸਾਲ ਵਿੱਚ ਕੰਮ ਜਾਰੀ ਰੱਖਣ ਯੋਗ ਸਨ।

ਫਿਲਮ ਪਰਮਿਟ ਵਾਸਤੇ ਅਪਲਾਈ ਕਰਨ ਦੇ ਸਮੇਂ, ਪ੍ਰੋਡਕਸ਼ਨ ਕੰਪਨੀਆਂ ਲਈ ਲਾਜ਼ਮੀ ਹੈ ਕਿ ਉਹ, ਫਿਲਮ ਐਂਡ ਟੈਲੀਵਿਜਨ ਆਫਿਸ (Film and Television Office) ਨੂੰ ਬ੍ਰੈਂਪਟਨ ਵਿੱਚ ਹੋਣ ਵਾਲੇ ਆਪਣੇ ਅਨੁਮਾਨਿਤ ਸਿੱਧੇ ਖਰਚ ਬਾਰੇ ਦੱਸਣ। 2018 ਤੋਂ ਬਾਅਦ, ਇਹ ਅਨੁਮਾਨ ਕਾਫੀ ਹੱਦ ਤੱਕ ਵਧ ਗਏ ਹਨ, ਜਿਸ ਨਾਲ ਅਨੁਮਾਨਿਤ ਆਰਥਿਕ ਪ੍ਰਭਾਵ, 959 ਪ੍ਰਤੀਸ਼ਤ ਵਧ ਕੇ 18 ਮਿਲੀਅਨ ਡਾਲਰ ਤੋਂ ਵੱਧ ਹੋ ਗਿਆ ਅਤੇ 2021 ਵਿੱਚ ਸਿਟੀ ਦਾ ਰੈਵੇਨਿਊ, 147 ਪ੍ਰਤੀਸ਼ਤ ਵਧ ਕੇ ਲਗਭਗ 400,000 ਡਾਲਰ ਹੋ ਗਿਆ। ਇਹ ਵਾਧਾ, ਨੈਟਫਲਿਕਸ (Netflix), ਐਪਲ (Apple) ਅਤੇ ਐਮਾਜ਼ਨ (Amazon) ਵਰਗੇ ਅਮਰੀਕਾ ਦੇ ਵੱਡੇ ਸਟੂਡਿਓ ਪ੍ਰੋਡਕਸ਼ਨਸ ਦੀ ਦਿਲਚਸਪੀ ਦੇ ਨਾਲ-ਨਾਲ, ਬਦਲੇ ਸਟੂਡਿਓ ਸਪੇਸ ਅਤੇ ਅਸਥਾਈ ਸਟੈਂਡਿੰਗ ਸੈੱਟਸ ਦੀ ਲਗਾਤਾਰ ਵਰਤੋਂ ਦੇ ਕਾਰਨ ਹੋਇਆ ਸੀ।

ਹਾਲੀਆ ਪ੍ਰੋਜੈਕਟਾਂ ਵਿੱਚ ਸ਼ਾਮਲ ਹਨ, ਜੋ ਬ੍ਰੈਂਪਟਨ ਵਿੱਚ ਹੋਏ ਸਨ:

- ਅਮਾਜ਼ੋਨ ਪ੍ਰਾਈਮ ਵੀਡਿਓ (Amazon Prime Video) ਦੀ ਨਵੀਂ ਸੀਰੀਜ *ਰੀਚਰ (Reacher)*
- ਪੈਰਾਮਾਊਂਟ+ (Paramount+) ਸੀਰੀਜ *ਸਟਾਰ ਟ੍ਰੈਕ: ਸਟ੍ਰੇਂਜ ਨਿਊ ਵਰਲਡਸ (Star Trek: Strange New Worlds)*
- ਨੇਟਫਲਿਕਸ ਦੀ ਫੀਚਰ ਫਿਲਮ, *13: ਦ ਮਿਊਜੀਕਲ (13: The Musical) ਅਤੇ ਮੈਨ ਫ੍ਰੋਮ ਟੋਰੋਂਟੋ (Man from Toronto)*
- ਐਪਲ+ (Apple+) ਸੀਰੀਜ, *ਸੀ (See)*
- ਸੀ.ਬੀ.ਸੀ. (CBC) ਦੀ ਟੈਲੀਵਿਜਨ ਸੀਰੀਜ, *ਕੋਰੋਨਰ (Coroner)*
- ਅਤੇ ਹੋਰ ਵੀ ਬਹੁਤ ਕੁਝ!

ਬ੍ਰੈਂਪਟਨ, ਫਿਲਮ ਪ੍ਰੋਡਕਸ਼ਨ ਲਈ ਆਦਰਸ਼ ਜਗ੍ਹਾ ਹੈ। ਸਿਟੀ ਆਫ ਬ੍ਰੈਂਪਟਨ, ਫਿਲਮਿੰਗ ਅਤੇ ਫਿਲਮ-ਅਨੁਕੂਲਿਤ ਥਾਵਾਂ ਲੱਭਣ, ਜਿਹਨਾਂ ਵਿੱਚ ਸ਼ਾਮਲ ਹਨ, ਸਿਟੀ ਦੇ ਹਰੇ-ਭਰੇ ਪਾਰਕਲੈਂਡ ਅਤੇ ਸਪੋਰਟ ਫੀਲਡਸ, ਰਿਹਾਇਸ਼ੀ ਨੇਬਰਹੁੱਡ, ਇੰਡਸਟ੍ਰੀਅਲ ਖੇਤਰ, ਅਸਥਾਈ ਅਤੇ ਸਿਟੀ ਦੀਆਂ ਇਤਿਹਾਸਕ ਫੈਸਿਲਿਟੀਜ ਅਤੇ ਸੀਨ ਸੈੱਟ ਕਰਨ ਵਿੱਚ ਮਦਦ ਲਈ ਵੱਖ-ਵੱਖ ਤਰ੍ਹਾਂ ਦੇ ਰੋਡਵੇ ਵਿਕਲਪ ਲਈ, ਹਰ ਅਕਾਰ ਦੇ ਪ੍ਰੋਡਕਸ਼ਨਾਂ ਦੀ ਸਹਾਇਤਾ ਕਰਦੇ ਹੋਏ, ਇੰਡਸਟਰੀ ਨੂੰ ਕਨਸੀਰਜ-ਸਟਾਈਲ ਸੇਵਾਵਾਂ ਅਤੇ ਸਹਾਇਤਾ ਪ੍ਰਦਾਨ ਕਰਨ ਲਈ ਵਚਨਬੱਧ ਹੈ। ਬ੍ਰੈਂਪਟਨ ਦਾ ਫਿਲਮ ਐਂਡ ਟੈਲੀਵਿਜਨ ਆਫਿਸ, ਪ੍ਰੋਡਕਸ਼ਨ ਲੋੜਾਂ ਨੂੰ ਪੂਰਾ ਕਰਨ ਵਾਸਤੇ, ਰੀਜਨ ਆਫ ਪੀਲ (Region of Peel), ਪੀਲ ਰੀਜਨਲ ਪੁਲਿਸ (Peel Regional Police), ਕਨਜਰਵੇਸ਼ਨ ਅਥਾੱਰਿਟੀਜ ਅਤੇ ਹੋਰਾਂ ਦੇ ਨਾਲ ਮਿਲਕੇ ਵੀ ਕੰਮ ਕਰਦਾ ਹੈ।

ਸਿਟੀ ਆਫ ਬ੍ਰੈਂਪਟਨ, ਓਨਟੈਰੀਓ ਗ੍ਰੀਨ ਸਕ੍ਰੀਨ (Ontario Green Screen) ਦੀ ਮੈਂਬਰ ਹੈ। ਇਹ ਸਰਕਾਰ, ਇੰਡਸਟਰੀ, ਯੂਨੀਅਨਾਂ, ਗਿਲਡਸ ਅਤੇ

ਟ੍ਰੇਡ ਐਸੋਸੀਏਸ਼ਨਾਂ ਦੇ ਵਿਚਕਾਰ ਇੱਕ ਪਹਿਲਕਦਮੀ ਹੈ, ਜੋ ਸਥਿਰ ਚੋਣਾਂ ਕਰਨ ਵਾਸਤੇ ਪ੍ਰੋਡਕਸ਼ਨਾਂ ਅਤੇ ਸਟੂਡਿਓ ਨੂੰ ਸ਼ਕਤੀ ਪ੍ਰਦਾਨ ਕਰਦੀ ਹੈ। ਬ੍ਰੈਂਪਟਨ ਦਾ ਫਿਲਮ ਐਂਡ ਟੈਲੀਵਿਜਨ ਆਫਿਸ, ਸ਼ਹਿਰ ਵਿੱਚ ਫਿਲਮ ਦੇ ਭਵਿੱਖ ਲਈ ਬ੍ਰੈਂਪਟਨ ਦੇ ਫਿਲਮਮੇਕਰਾਂ ਅਤੇ ਕੰਟੈਂਟ ਕ੍ਰਿਏਟਰਾਂ ਨੂੰ ਸ਼ਕਤੀ ਪ੍ਰਦਾਨ ਕਰਨ ਦੇ ਤਰੀਕਿਆਂ ਤੇ, ਆਰਟਸ, ਕਲਚਰ ਐਂਡ ਕ੍ਰਿਏਟਿਵ ਇੰਡਸਟਰੀ ਡਿਵੈਲਪਮੈਂਟ ਏਜੰਸੀ (ਏ.ਸੀ.ਸੀ.ਆਈ.ਡੀ.ਏ.) (Arts, Culture and Creative Industry Development Agency) (ACCIDA) ਦੇ ਨਾਲ ਮਿਲਕੇ ਵੀ ਕੰਮ ਕਰਦਾ ਹੈ।

ਬ੍ਰੈਂਪਟਨ ਵਿੱਚ ਫਿਲਮਿੰਗ ਬਾਰੇ ਹੋਰ ਜਾਣਕਾਰੀ ਲਈ, brampton.ca/film ਤੇ ਜਾਓ।

**ਹਵਾਲੇ**

"ਬ੍ਰੈਂਪਟਨ ਇੱਕ ਸ਼ਾਨਦਾਰ ਜਗ੍ਹਾ ਹੈ! ਇਹ ਸ਼ਹਿਰ, ਰਚਨਾਤਮਕ ਇੰਡਸਟਰੀ, ਗ੍ਰੀਨ ਪਹਿਲਕਦਮੀਆਂ ਅਤੇ ਮੌਕਿਆਂ ਲਈ ਇੱਕ ਹਬ ਹੈ। ਕੋਵਿਡ-19 ਮਹਾਂਮਾਰੀ ਦੇ ਦੌਰਾਨ ਫਿਲਮ ਨਿਰਮਾਣ ਖੇਤਰ ਇਸ ਵਾਧੇ ਅਤੇ ਸ਼ਹਿਰ ਉੱਤੇ ਹੋਏ ਆਰਥਿਕ ਪ੍ਰਭਾਵ ਦੇਖਣਾ ਬੇਮਿਸਾਲ ਹੈ ਅਤੇ ਬ੍ਰੈਂਪਟਨ ਵਿੱਚ ਸਾਡੇ ਸਥਾਨ, ਸਹੂਲਤਾਂ ਅਤੇ ਉੱਤਮ ਸੇਵਾਵਾਂ ਅਤੇ ਪੇਸ਼ਕਸ਼ਾਂ ਦਾ ਪ੍ਰਮਾਣ ਹੈ।"

- *ਪੈਟਰਿਕ ਬ੍ਰਾਉਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਸਿਟੀ ਆਫ ਬ੍ਰੈਂਪਟਨ ਵਿਖੇ ਸਥਾਪਤ ਪ੍ਰਭਾਵੀ ਉਪਾਵਾਂ ਅਤੇ ਸਾਡੀਆਂ ਸਮਰਪਿਤ ਟੀਮਾਂ ਦੇ ਕਾਰਨ, ਫਿਲਮ ਅਤੇ ਟੈਲੀਵਿਜਨ ਪ੍ਰੋਡਕਸ਼ਨ ਸੈਕਟਰਾਂ ਵਿੱਚ ਸਾਡਾ ਵਾਧਾ, ਮਹਾਂਮਾਰੀ ਦੇ ਦੌਰਾਨ ਅਸਧਾਰਨ ਸੀ। ਬ੍ਰੈਂਪਟਨ ਮੌਕਿਆਂ ਦਾ ਸ਼ਹਿਰ ਹੈ ਅਤੇ ਹੁਣ ਇਹ ਲੁਕੀ ਹੋਈ ਗੱਲ ਨਹੀਂ ਹੈ ਕਿ ਬ੍ਰੈਂਪਟਨ, ਰਚਨਾਤਮਕ ਇੰਡਸਟਰੀ ਲਈ ਟਿਕਾਣੇ ਵਜੋਂ ਅੰਤਰਰਾਸ਼ਟਰੀ ਮੰਚ ਤੇ ਸਥਾਪਤ ਹੋ ਚੁੱਕਾ ਹੈ।"

- *ਹਰਕੀਰਤ ਸਿੰਘ (Harkirat Singh), ਸਿਟੀ ਕਾਉਂਸਲਰ, ਵਾਰਡਸ 9 ਅਤੇ 10; ਚੇਅਰ, ਕਾਰਪੋਰੇਟ ਸਰਵਿਸਿਜ, ਸਿਟੀ ਆਫ ਬ੍ਰੈਂਪਟਨ*

"ਸਿਟੀ ਆਫ ਬ੍ਰੈਂਪਟਨ ਦੇ ਫਿਲਮ ਐਂਡ ਟੈਲੀਵਿਜਨ ਆਫਿਸ ਦੇ ਸਮਰਪਣ ਅਤੇ ਉਹਨਾਂ ਵੱਲੋਂ ਪ੍ਰਦਾਨ ਕੀਤੀ ਗਈ ਅਸਧਾਰਨ ਸੇਵਾ ਦੇ ਕਾਰਨ, ਅਸੀਂ ਮਹਾਂਮਾਰੀ ਦੇ ਦੌਰਾਨ ਵਧਣ-ਫੁੱਲਣ ਅਤੇ ਸ਼ਹਿਰ ਵਿੱਚ ਤੀਬਰ ਆਰਥਿਕ ਵਾਧਾ ਲਿਆਉਣ ਦੇ ਯੋਗ ਹੋਏ ਹਾਂ। ਜਦੋਂ ਫਿਲਮ ਅਤੇ ਟੈਲੀਵਿਜਨ ਪ੍ਰੋਡਕਸ਼ਨ ਦੀ ਗੱਲ ਆਉਂਦੀ ਹੈ, ਤਾਂ ਇਸ ਸਫਲਤਾ ਲਈ ਅਤੇ ਬ੍ਰੈਂਪਟਨ ਨੂੰ ਸ਼ਾਨਦਾਰ ਜਗ੍ਹਾ ਵਜੋਂ ਪਰਿਭਾਸ਼ਤ ਕਰਨ ਲਈ ਟੀਮ ਨੂੰ ਸ਼ਾਬਾਸ਼ੀ।"

- *ਪਾੱਲ ਮੋਰਿਸਨ (Paul Morrison), ਇੰਟਰਿਮ ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 700,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca